BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

# ਪੈਰਾਜ਼ਿਨਾਮਾਈਡ
## PYRAZINAMIDE

Pyrazinamide (ਪੈਰਾਜ਼ਿਨਾਮਾਈਡ) ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸ ਦੀ ਵਰਤੋਂ ਸਿਰਫ਼ ਟੀ.ਬੀ. (ਤਪਦਿਕ) ਦੇ ਇਲਾਜ ਲਈ ਕੀਤੀ ਜਾਂਦੀ ਹੈ।

**ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)**

- ਇਹ ਦਵਾਈ ਹਰ ਰੋਜ਼ ਇੱਕੋ ਸਮੇਂ 'ਤੇ ਲਓ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

**ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)**

- ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਦਵਾਈ ਨੂੰ ਨੇਮਬੱਧ ਢੰਗ ਨਾਲ ਲਓ।
- ਆਪਣੇ ਡਾਕਟਰ ਦੇ ਨਿਰਦੇਸ਼ ਅਨੁਸਾਰ ਦਵਾਈ ਲਓ।
- ਤੁਸੀਂ ਇਹ ਦਵਾਈ ਇਸ ਤਰ੍ਹਾਂ ਲੈਣੀ ਹੈ:

  ❑ ਤਿੰਨ ਗੋਲ਼ੀਆਂ ਦਿਨ ਵਿੱਚ ਇੱਕ ਵਾਰੀ

  ❑ ਹੋਰ: ____________________________________________

**ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)**

- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

**ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)**

- ਸ਼ਰਾਬ
- ਇਹ ਦਵਾਈ ਲੈਂਦੇ ਹੋਏ **ਧੁੱਪ ਵਿੱਚ ਬਹੁਤ ਜ਼ਿਆਦਾ ਬਾਹਰ ਜਾਣ** ਤੋਂ ਜਾਂ ਨਕਲੀ ਯੂ.ਵੀ. ਕਿਰਣਾਂ (ਜਿਵੇਂ ਕਿ ਸੰਨਲੈਂਪ ਜਾਂ ਟੈਨਿੰਗ ਬੈੱਡਜ਼) ਤੋਂ ਪਰਹੇਜ਼ ਕਰੋ। ਸੰਨਸਕ੍ਰੀਨ ਇਸਤੇਮਾਲ ਕਰੋ ਅਤੇ ਧੁੱਪ ਤੋਂ ਬਚਾਅ ਕਰਨ ਵਾਲੇ ਕੱਪੜੇ ਪਹਿਨੋ।

ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੋਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ **ਕੋਈ ਹੋਰ ਦਵਾਈਆਂ ਲੈ ਰਹੇ ਹੋ** ਤਾਂ ਉਨ੍ਹਾਂ ਬਾਰੇ ਆਪਣੇ ਫ਼ਾਰਮਾਸਿਸਟ (ਦਵਾਸਾਜ) ਨੂੰ ਦੱਸੋ।

ਇਹ ਦਵਾਈ ਲੈਣ ਦੌਰਾਨ **ਧੁੱਪ ਵਿੱਚ ਜ਼ਿਆਦਾ ਬਾਹਰ ਜਾਣ** ਜਾਂ ਨਕਲੀ ਯੂ.ਵੀ. ਲਾਈਟ (ਉਦਾਹਰਣ ਵਜੋਂ ਸੰਨਲੈਂਪ ਜਾਂ ਟੈਨਿੰਗ ਬੈੱਡਜ਼) ਤੋਂ ਪਰਹੇਜ਼ ਕਰੋ। ਸੰਨਸਕ੍ਰੀਨ ਦੀ ਵਰਤੋਂ ਕਰੋ ਅਤੇ ਧੁੱਪ ਤੋਂ ਬਚਾਅ ਕਰਨ ਵਾਲੇ ਕੱਪੜੇ ਪਹਿਨੋ।

**ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)**

- ਜੋੜਾਂ ਵਿੱਚ ਦਰਦ ਜਾਂ ਸੋਜਿਸ਼

# **ਪੈਰਾਜ਼ਿਨਾਮਾਈਡ** (ਚਲਦਾ)

**PYRAZINAMIDE** (cont'd)

**ਸਾਵਧਾਨ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੁੰਦਾ ਹੈ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫ਼ੋਨ ਕਰੋ:**

- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਬੁਖ਼ਾਰ
- ਭੁੱਖ ਨਾ ਲੱਗਣੀ
- ਜੀਅ ਕੱਚਾ ਹੋਣਾ (ਉਲਟੀ ਆਉਣ ਦਾ ਅਹਿਸਾਸ ਹੋਣਾ)
- ਪੇਟ ਖ਼ਰਾਬ ਹੋਣਾ ਜਾਂ ਦਸਤ ਲੱਗਣੇ
- ਗੂੜ੍ਹੇ ਰੰਗ ਦਾ ਪਿਸ਼ਾਬ
- ਚਮੜੀ ਜਾਂ ਅੱਖਾਂ ਦਾ ਪੀਲਾਪਨ
- ਖਾਜ ਜਾਂ ਚਮੜੀ ਉੱਪਰ ਧੱਫੜ ਹੋਣੇ

**ਇਸ ਜਾਣਕਾਰੀ ਪੱਤਰ ਵਿਚ ਦਿੱਤੇ ਲੱਛਣਾਂ ਤੋਂ ਇਲਾਵਾ ਜੇ ਕੋਈ ਵਿਲੱਖਣ ਲੱਛਣ ਨਜ਼ਰ ਆਵੇ ਤਾਂ ਆਪਣੇ ਡਾਕਟਰ ਨੂੰ ਦੱਸੋ।**

**Pyrazinamide ਲੈਣ ਬਾਰੇ ਮੈਨੂੰ ਹੋਰ ਕੀ ਪਤਾ ਹੋਣਾ ਚਾਹੀਦਾ ਹੈ? (What else do I need to know about taking Pyrazinamide?)**

- ਇਹ ਮਹੱਤਵਪੂਰਣ ਹੈ ਕਿ ਤੁਸੀਂ ਡਾਕਟਰ ਵੱਲੋਂ ਕਹੇ ਗਏ ਸਾਰੇ **ਲੈਬ ਟੈਸਟ** ਕਰਵਾਓ ਅਤੇ ਆਪਣੇ ਡਾਕਟਰ ਜਾਂ ਨਰਸ ਨਾਲ ਆਪਣੀਆਂ ਸਾਰੀਆਂ **ਅਪੁਆਇੰਟਮੈਂਟਾਂ** ਲਈ ਜਾਓ।
- ਜੇਕਰ ਤੁਹਾਨੂੰ ਇਹ **ਸਮੱਸਿਆਵਾਂ** ਹੋਣ ਤਾਂ ਆਪਣੇ ਡਾਕਟਰ ਨੂੰ ਦੱਸੋ: ਬਹੁਤ ਜ਼ਿਆਦਾ ਗਾਊਟ (ਗਠੀਆ), ਜਿਗਰ ਸੰਬੰਧੀ ਰੋਗ, ਅਕਸਰ ਸ਼ਰਾਬ ਪੀਣ ਦੀ ਆਦਤ
- ਜੇਕਰ ਤੁਸੀਂ **ਗਰਭਵਤੀ** ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ **ਆਪਣਾ ਦੁੱਧ ਚੁੰਘਾਉਣ** ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

**ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)**

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੋਸ਼ਨੀ ਤੋਂ ਬਚਾਓ
- ਠੰਡੇ, ਖ਼ੁਸ਼ਕ ਵਾਤਾਵਰਨ ਵਿੱਚ ਕਮਰੇ ਦੇ ਤਾਪਮਾਨ 'ਤੇ ਰੱਖੋ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ______________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |



Provincial Health Services Authority
Province-wide solutions. Better health.
ACCREDITED · AGRÉÉ · CCHSA · CCASS
*A research and teaching centre affiliated with UBC*